੧੦੫

ਆਵਾ ਗਵਨ

(ਲੇਖਕ: ਭਾਈ ਜੋਧ ਸਿੰਘ)

ਅਜੋਕੇ ਬਹੁਤੇ ਸਾਇੰਸਦਾਨ ਇਹ ਮੰਨਦੇ ਹਨ ਕਿ ਮਨੁੱਖਾ ਸਰੀਰ ਦੇ ਹੋਂਦ ਵਿੱਚ ਆਉਣ ਤੋਂ ਪਹਿਲਾਂ ਜਿੰਦ ਕਈ ਸਰੀਰਾਂ ਵਿੱਚੋਂ ਲੰਘੀ। ਉਨ੍ਹਾਂ ਦੇ ਖ਼ਿਆਲ ਅਨੁਸਾਰ ਨਿਰਜੀਵ ਮਾਦੇ ਵਿੱਚੋਂ ਜੀਵ ਪਹਿਲਾਂ ਬਨਸਪਤੀ ਦੇ ਰੂਪ ਵਿੱਚ ਪੈਦਾ ਹੋਇਆ। ਫਿਰ ਹੌਲੀ ਹੌਲੀ ਤਰੱਕੀ ਕਰਦਾ ਹੋਇਆ ਤੁਰਦਾ ਫਿਰਦਾ ਜਨੌਰਾਂ ਦੇ ਰੂਪ ਵਿੱਚ ਆਇਆ। ਫਿਰ ਬਾਂਦਰ ਆਦਿਕ ਦੇ ਸਰੀਰ ਤੋਂ ਤਰੱਕੀ ਹੋ ਕੇ ਮਨੁੱਖ ਦਾ ਸਰੀਰ ਬਣਿਆ। ਇਸ ਸਾਰੇ ਸਿਧਾਂਤ ਵਿੱਚ ਇਹ ਨਹੀਂ ਮੰਨਿਆ ਜਾਂਦਾ ਕਿ ਕੋਈ ਖ਼ਾਸ ਆਤਮਾ ਇਨ੍ਹਾਂ ਸਾਰੇ ਰੂਪਾਂ ਵਿੱਚੋਂ ਲੰਘੀ ਹੈ। ਜ਼ਿਆਦਾਤਰ ਸਾਇੰਸਦਾਨ ਇਹੋ ਹੀ ਮੰਨਦੇ ਹਨ ਕਿ ਇਹ ਵਿਕਾਸ ਸਰੀਰਕ ਹੈ। ਉਹ ਇਹ ਵੀ ਦੱਸਦੇ ਹਨ ਕਿ ਜਿਉਂ ਜਿਉਂ ਸਰੀਰਕ ਵਿਕਾਸ ਹੁੰਦਾ ਹੈ, ਸੂਝ ਵਿੱਚ ਵੀ ਤਰੱਕੀ ਹੁੰਦੀ ਜਾਂਦੀ ਹੈ ਤੇ ਅੰਤ ਮਨੁੱਖਾ ਦੇਹ ਵਿੱਚ ਵਿਚਾਰ ਤੇ ਨਿਰਣਾ ਸ਼ਕਤੀ ਵੀ ਆ ਜਾਂਦੀ ਹੈ। ਪਰ ਇਸ ਸਾਰੇ ਸਿਧਾਂਤ ਵਿੱਚ ਦੋ ਥਾਂ ਬੜੇ ਵੱਡੇ ਵੱਡੇ ਖੱਖੇ ਹਨ ਜਿਹੜੇ ਅਜੇ ਸਾਇੰਸਵੇਤਾ ਭਰ ਨਹੀਂ ਸਕੇ। ਨਿਰਜੀਵ ਮਾਦੇ ਵਿੱਚੋਂ ਅਜੇ ਤੱਕ ਤਜ਼ਰਬਿਆਂ ਨਾਲ ਇਹ ਸਾਬਤ ਨਹੀਂ ਕਰ ਸਕੇ ਕਿ ਜੀਵ ਪੈਦਾ ਹੋ ਸਕਦਾ ਹੈ। ਦੂਜਾ ਚੇਤਨ ਸੱਤਾ ਜੋ ਮਨੁੱਖੀ ਸਰੀਰ ਵਿੱਚ ਆ ਕੇ ਸਪੱਸ਼ਟ ਪ੍ਰਗਟ ਹੁੰਦੀ ਹੈ, ਇਹ ਨਿਰੀ ਜਿੰਦ ਨਾਲੋਂ ਬਹੁਤ ਅੱਡਰੀ ਚੀਜ਼ ਹੈ ਤੇ ਇਹ ਮੰਨਣਾ ਕਿ ਜਿੰਦ ਵਿੱਚੋਂ ਇਹ ਹੌਲੀ ਹੌਲੀ ਨਿਕਲ ਖੜੋਤੀ ਹੈ ,ਸੰਭਵ ਨਹੀਂ।

ਚੇਤਨ ਸੱਤਾ ਸਰਬ ਵਿਆਪਕ ਹੈ। ਗੁਰਮਤਿ ਵਿੱਚ ਇਹ ਮੰਨਿਆ ਗਿਆ ਹੈ ਕਿ ਹਉਮੈ ਦੀ ਕੰਧ ਚੇਤਨਤਾ ਨੂੰ ਖ਼ਾਸ ਸਖ਼ਸ਼ੀਅਤ ਦਾ ਰੂਪ ਦੇ ਦਿੰਦੀ ਹੈ ਤੇ ਹਉਮੈ ਸੰਯੁਕਤ ਚੇਤਨਤਾ ਫਿਰ ਕਰਮ ਆਰੰਭਦੀ ਹੈ ਤੇ ਉਨ੍ਹਾਂ ਅਨੁਸਾਰ ਜਨਮ ਧਾਰਦੀ ਹੈ। ਆਵਾ ਗਵਨ ਦੇ ਸਿਧਾਂਤ ਤੇ ਵਿਕਾਸ ਦੇ ਸਿਧਾਂਤ ਵਿੱਚ ਭੇਦ ਇਹ ਹੈ ਕਿ ਪਿਛਲਾ ਸਿਧਾਂਤ ਤਾਂ ਕੇਵਲ ਸਰੀਰ ਤੱਕ ਹੀ ਆਪਣੀ ਨਜ਼ਰ ਮਹਿਦੂਦ ਰੱਖਦਾ ਹੈ ਤੇ ਮੰਨਦਾ ਹੈ ਕਿ ਸਰੀਰਕ ਉੱਨਤੀ ਅਨੁਸਾਰ ਅੰਦਰਲੀ ਸੂਝ ਵਧਦੀ ਜਾਂਦੀ ਹੈ। ਪਰ ਆਵਾਗਵਨ ਦਾ ਸਿਧਾਂਤ ਇਹ ਦੱਸਦਾ ਹੈ ਕਿ ਜੀਵ ਆਤਮਾ ਦੀ ਉੱਨਤੀ ਅਨੁਸਾਰ ਉਸਨੂੰ ਚੰਗੇਰਾ ਸਰੀਰ ਮਿਲਦਾ ਹੈ। ਇਹ ਦੋਵੇਂ ਹੀ ਸਿਧਾਂਤ ਮੰਨਦੇ ਹਨ ਕਿ ਮਨੁੱਖੀ ਸਰੀਰ ਬੜੇ ਚਿਰ ਪਿੱਛੋਂ ਪ੍ਰਾਪਤ ਹੁੰਦਾ ਹੈ। ਸਤਿਗੁਰੂ ਫੁਰਮਾਉਂਦੇ ਹਨ:

– ਜੁੜਿ ਜੁੜਿ ਵਿਛੁੜੇ ਵਿਛੁੜਿ ਜੁੜੇ॥ ਜੀਵਿ ਜੀਵਿ ਮੁਏ ਮੁਏ ਜੀਵੇ॥
ਕੇਤਿਆ ਕੇ ਬਾਪ ਕੇਤਿਆ ਕੇ ਬੇਟੇ ਕੇਤੇ ਗੁਰ ਚੇਲੇ ਹੂਏ॥
ਆਗੈ ਪਾਛੈ ਗਣਤ ਨ ਆਵੈ ਕਿਆ ਜਾਤੀ ਕਿਆ ਹੁਣਿ ਹੂਏ॥
ਸਭੁ ਕਰਣਾ ਕਿਰਤੁ ਕਰਿ ਲਿਖੀਐ ਕਰਿ ਕਰਿ ਕਰਤਾ ਕਰੇ ਕਰੇ॥
ਮਨਮੁਖਿ ਮਰੀਐ ਗੁਰਮੁਖਿ ਤਰੀਐ ਨਾਨਕ ਨਦਰੀ ਨਦਰਿ ਕਰੇ॥ (੧੨੩੮)

– ਕਈ ਜਨਮ ਭਏ ਕੀਟ ਪਤੰਗਾ॥ ਕਈ ਜਨਮ ਗਜ ਮੀਨ ਕੁਰੰਗਾ॥
ਕਈ ਜਨਮ ਪੰਖੀ ਸਰਪ ਹੋਇਓ॥ ਕਈ ਜਨਮ ਹੈਵਰ ਬ੍ਰਿਖ ਜੋਇਓ॥
ਮਿਲੁ ਜਗਦੀਸ ਮਿਲਨ ਕੀ ਬਰੀਆ॥ ਚਿਰੰਕਾਲ ਇਹ ਦੇਹ ਸੰਜਰੀਆ॥ਰਹਾਉ॥
ਕਈ ਜਨਮ ਸੈਲ ਗਿਰਿ ਕਰਿਆ॥ ਕਈ ਜਨਮ ਗਰਭ ਹਿਰਿ ਖਰਿਆ॥
ਕਈ ਜਨਮ ਸਾਖ ਕਰਿ ਉਪਾਇਆ॥ ਲਖ ਚਉਰਾਸੀਹ ਜੋਨਿ ਭ੍ਰਮਾਇਆ॥ (੧੭੬)

ਮਨੁੱਖਾ ਦੇਹੀ ਨੂੰ ਉੱਤਮ ਸਮਝਿਆ ਗਿਆ ਹੈ ਕਿਉਂਕਿ ਚੇਤਨਤਾ ਇਸ ਦੇ ਵਿੱਚ ਬਹੁਤ ਉੱਚੇ ਦਰਜੇ ਤੱਕ ਅੱਪੜੀ ਹੋਈ ਹੈ ਤੇ ਵਿਚਾਰ ਵੀ ਆ ਪ੍ਰਗਟ ਹੋਈ ਹੈ, ਇਸ ਲਈ ਗੁਰਮਤਿ ਇਹ ਦੱਸਦੀ ਹੈ ਕਿ ਮਨੁੱਖ ਪਰਮ ਪਦ

ਤੱਕ ਪੁੱਜ ਸਕਦਾ ਹੈ। ਜੋ ਜੀਵ ਮਨੁੱਖਾ ਦੇਹੀ ਵਿੱਚ ਇਸ ਪਰਮ ਪਦ ਲਈ ਯਤਨ ਨਹੀਂ ਕਰੇਗਾ ਉਹ ਆਵਾਗਵਨ ਦੇ ਚੱਕਰ ਵਿੱਚੋਂ ਨਿਕਲ ਨਹੀਂ ਸਕੇਗਾ।

– ਲਖ ਚਉਰਾਸੀਹ ਜੋਨਿ ਸਬਾਈ॥ ਮਾਣਸ ਕਉ ਪ੍ਰਭਿ ਦੀਈ ਵਡਿਆਈ॥
ਇਸੁ ਪਉੜੀ ਤੇ ਜੋ ਨਰੁ ਚੂਕੈ ਸੋ ਆਇ ਜਾਇ ਦੁਖੁ ਪਾਇਦਾ॥ (੧੦੭੫)

– ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ॥
ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ॥ (੬੩੧)

– ਬਹੁਤੁ ਜਨਮ ਭਰਮਤ ਤੈ ਹਾਰਿਓ ਅਸਥਿਰ ਮਤਿ ਨਹੀ ਪਾਈ॥
ਮਾਨਸ ਦੇਹ ਪਾਇ ਪਦ ਹਰਿ ਭਜੁ ਨਾਨਕ ਬਾਤ ਬਤਾਈ॥ (੬੩੨)

ਕਈ ਵਿਚਾਰਵਾਨ ਇਹ ਮੰਨਦੇ ਹਨ ਕਿ ਜੀਵ ਆਤਮਾ ਜਦੋਂ ਇੱਕ ਵਾਰੀ ਮਨੁੱਖੀ ਸਰੀਰ ਦੀ ਭਾਗੀ ਹੋ ਗਈ ਤਾਂ ਮੁੜ ਕੇ ਹੇਠਾਂ ਨਹੀਂ ਜਾ ਸਕਦੀ। ਗੁਰਮਤਿ ਵਿੱਚ ਇਹ ਮੰਨਿਆ ਗਿਆ ਹੈ ਕਿ ਉਹ ਹੇਠਾਂ ਜਾ ਸਕਦੀ ਹੈ।

– ਸੰਤਨ ਕੈ ਦੂਖਨਿ ਸਰਪ ਜੋਨਿ ਪਾਇ॥ ਸੰਤ ਕੈ ਦੂਖਨਿ ਤ੍ਰਿਗਦ ਜੋਨਿ ਕਿਰਮਾਇ॥ (੨੭੯)

– ਸੂਕਰ ਸੁਆਨ ਗਰਧਭ ਮੰਜਾਰਾ॥ ਪਸੂ ਮਲੇਛ ਨੀਚ ਚੰਡਾਲਾ॥
ਗੁਰ ਤੇ ਮੁਹੁ ਫੇਰੇ ਤਿਨ੍ ਜੋਨਿ ਭਵਾਈਐ॥ ਬੰਧਨਿ ਬਾਧਿਆ ਆਈਐ ਜਾਈਐ॥ (੮੩੨)

ਪੁਨਰ ਜਨਮ ਤੋਂ ਪਹਿਲੋਂ ਵੀ ਸਾਕਤਾਂ ਲਈ ਦੁੱਖੀ ਜੀਵਨ ਦਾ ਜ਼ਿਕਰ ਹੈ:

– ਪ੍ਰੇਤ ਪਿੰਜਰ ਮਹਿ ਦੂਖ ਘਨੇਰੇ॥ ਨਰਕਿ ਪਚਹਿ ਅਗਿਆਨ ਅੰਧੇਰੇ॥
ਧਰਮ ਰਾਇ ਕੀ ਬਾਕੀ ਲੀਜੈ ਜਿਨਿ ਹਰਿ ਕਾ ਨਾਮੁ ਵਿਸਾਰਾ ਹੇ॥ (੧੦੨੯)

ਇਹ ਆਵਾਗਵਨ ਸਾਕਤਾਂ ਲਈ ਹੈ:

– ਜਿਉ ਆਰਣਿ ਲੋਹਾ ਪਾਇ ਭੰਨਿ ਘੜਾਈਐ॥ ਤਿਉ ਸਾਕਤੁ ਜੋਨੀ ਪਾਇ ਭਵੈ ਭਵਾਈਐ॥ (੭੫੨)

ਜੋ ਗੁਰਮਤਿ ਤੇ ਤੁਰਦੇ ਹਨ ਉਨ੍ਹਾਂ ਲਈ ਆਵਾਗਵਨ ਮੁੱਕ ਜਾਂਦਾ ਹੈ:

– ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ॥ ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ॥
ਆਵਣ ਜਾਣੁ ਰਹਿਓ॥ ਤਪਤ ਕੜਾਹਾ ਬੁਝਿ ਗਇਆ ਗੁਰਿ ਸੀਤਲ ਨਾਮੁ ਦੀਓ॥ਰਹਾਉ॥ (੧੦੦੨)